9-8-97

# ਦਲਿਤ ਵਰਗ ਅਤੇ ਖੱਬਾ ਮੋਰਚਾ

ਗੁਰਸ਼ਰਨ ਸਿੰਘ

3 ਅਗਸਤ 1997, ਕਿਸਾਨ ਭਵਨ ਵਿਚ ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਇਕ ਸੈਮੀਨਾਰ ਦਲਿਤ ਸਾਹਿਤ 'ਤੇ ਕੀਤਾ ਗਿਆ। ਇਸ ਵਿਚ ਐਸ. ਐਲ. ਵਿਰਦੀ ਐਡਵੋਕੇਟ ਜੋ ਦਲਿਤ ਪੈਂਥਰਜ਼ ਨਾਲ ਸਬੰਧ ਰੱਖਦੇ ਹਨ ਅਤੇ ਪੰਜਾਬ ਦਲਿਤ ਸਾਹਿਤ ਫੋਰਮ ਦੇ ਸੰਚਾਲਕ ਹਨ, ਉਨ੍ਹਾਂ ਨੇ ਇਕ ਪੇਪਰ ਪੜ੍ਹਿਆ। ਬਹਿਸ ਵਿਚ ਪ੍ਰਸਿੱਧ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ, ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਕੇਸਰ ਸਿੰਘ ਕੇਸਰ ਅਤੇ ਪ੍ਰੋ. ਹਰਕਿਸ਼ਨ ਸਿੰਘ ਮਹਿਤਾ ਨੇ ਹਿੱਸਾ ਲਿਆ। ਕੁੱਝ ਬੁਨਿਆਦੀ ਨੁਕਤੇ ਦਲਿਤ ਵਰਗ ਦੇ ਸਬੰਧ ਵਿਚ ਅਤੇ ਇਸ ਵਰਗ ਦੀ ਰਾਜਨੀਤੀ ਦੇ ਸਬੰਧ ਵਿਚ ਇਸ ਬਹਿਸ ਵਿਚ ਉੱਤਰੇ , ਜੋ ਇਥੇ ਸਾਂਝੇ ਕੀਤੇ ਜਾ ਰਹੇ ਹਨ।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦਲਿਤ ਵਰਗ ਦਾ ਇਕ ਵੱਡਾ ਹਿੱਸਾ ਡਾ. ਅੰਬੇਦਕਰ ਦੇ ਵਿਚਾਰਾਂ ਤੋਂ ਪ੍ਰਭਾਵਤ ਹੈ ਤੇ ਸਿਆਸੀ ਤੌਰ 'ਤੇ ਉਹਦੇ ਵਿਚੋਂ ਅੱਗੋਂ ਵੱਡਾ ਹਿੱਸਾ ਬਹੁਜਨ ਸਮਾਜ ਪਾਰਟੀ ਵਿਚ ਜਥੇਬੰਦ ਹੈ। ਇਹ ਵੀ ਇਕ ਜਾਣਿਆ ਹੋਇਆ ਤੱਥ ਹੈ ਕਿ ਇਹੀ ਵਰਗ ਮਾਰਕਸੀ ਵਿਚਾਰਧਾਰਾ ਅਨੁਸਾਰ ਪ੍ਰੋਲਤਾਰੀ ਵਰਗ ਹੈ, ਜੋ ਦੂਜੇ ਸ਼ੋਸ਼ਤ ਵਰਗ ਨਾਲ ਰਲਕੇ ਇਨਕਲਾਬ ਦਾ ਆਧਾਰ ਬਣਦਾ ਹੈ। ਇਨਕਲਾਬ ਜੋ ਸਿਸਟਮ ਵਿਚ ਸਟਰਕਚਰਲ ਜਾਂ ਕਹਿ ਲਵੋ ਢਾਂਚਾਈ ਤਬਦੀਲੀ ਦਾ ਧਾਰਨੀ ਹੈ। ਦੋਨੋਂ ਵਿਚਾਰਧਾਵਾਂ ਦੀ ਬਹਿਸ ਵਿਚ ਮੁੜ-ਮੁੜਕੇ ਜਾਤ ਅਤੇ ਜਮਾਤ ਦੀ ਪ੍ਰਮੁੱਖਤਾ ਦੀ ਗੱਲ ਉੱਭਰਕੇ ਸਾਮਣੇ ਆ ਜਾਂਦੀ ਹੈ। ਪ੍ਰੋਲਤਾਰੀ ਵਰਗ ਇਸ ਬਹਿਸ ਵਿਚ ਵੰਡਕੇ ਰਹਿ ਜਾਂਦਾ ਹੈ ਅਤੇ ਇਸ ਵਰਗ ਦੀ ਸਿਆਸਤ ਵਿਚ ਅਹਿਮ ਭੂਮਿਕਾ ਧੁੰਦਲੀ ਹੋ ਕੇ ਰਹਿ ਜਾਂਦੀ ਹੈ।

**ਫੇਰ ਕੀਤਾ ਕੀ ਜਾਏ ?:** ਇਸ ਬਹਿਸ ਨੂੰ ਇਸ ਤਰੀਕੇ ਨਾਲ ਸਿਰੇ ਲਗਾਇਆ ਜਾਏ ਕਿ ਇਹ ਪ੍ਰੋਲਤਾਰੀ ਵਰਗ ਜਿਸ ਵਿਚ ਦਲਿਤ ਵੀ ਸ਼ਾਮਲ ਹਨ ਅਤੇ ਗ਼ੈਰ-ਦਲਿਤ ਵੀ ਸ਼ਾਮਲ ਹਨ, ਇਨਕਲਾਬ ਦੇ ਪੱਖ ਵਿਚ ਕੋਈ ਹਾਂ ਪੱਖੀ ਭੂਮਿਕਾ ਨਿਭਾ ਸਕੇ। ਮਾਰਕਸੀ ਵਿਚਾਰਧਾਰਾ ਵਾਲਿਆਂ ਨੂੰ ਇਹ ਗੱਲ ਸਵੀਕਾਰ ਕਰਨ ਵਿਚ ਕੋਈ ਹਿੱਚਕ ਨਹੀਂ ਹੋਣੀ ਚਾਹੀਦੀ ਤੇ ਇਹ ਹੁਣ ਹੈ ਵੀ ਨਹੀਂ ਕਿ ਭਾਰਤ ਦੀਆਂ ਵਿਸ਼ੇਸ਼ ਹਾਲਤਾਂ ਵਿਚ ਜਾਤ ਦੀ ਭੂਮਿਕਾ ਬੜੀ ਅਹਿਮ ਭੂਮਿਕਾ ਹੈ। ਮਨੂੰ ਦੀ ਕਿਸੇ ਵੇਲੇ ਸਮਾਜ ਨੂੰ ਚਾਰ ਵਰਗਾਂ ਵਿਚ ਵੰਡ ਦੇਣ ਦੀ ਵਿਚਾਰਧਾਰਾ ਅੱਜ ਦੇ ਵਿਗਿਆਨਕ ਯੁੱਗ ਵਿਚ ਇਕ ਬਿਲਕੁਲ ਹੀ ਪਿਛੋਕੜ ਅਤੇ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਹੈ। ਇਹ ਗਰੀਬ ਦੁਸ਼ਮਣ ਵਿਚਾਰਧਾਰਾ ਹੈ। ਕਿਰਤੀ ਦੁਸ਼ਮਣ ਵਿਚਾਰਧਾਰਾ ਹੈ। ਡਾ. ਅੰਬੇਦਕਰ ਨੇ ਜਿਹੜਾ ਮਨੂੰਵਾਦ ਵਿਰੁੱਧ ਜਹਾਦ ਛੇੜਿਆ, ਉਹ ਸਮਾਜਕ ਨਿਆਂ ਲਈ ਇਕ ਅਹਿਮ ਅਤੇ ਹਾਂ-ਪੱਖੀ ਕਦਮ ਹੈ। ਡਾ. ਅੰਬੇਦਕਰ ਦੇ ਪੈਰੋਕਾਰਾਂ ਨੇ ਜਿਹੜੀ ਬ੍ਰਾਹਮਣਵਾਦੀ ਸੋਚ ਨੂੰ ਚੁਣੌਤੀ ਦਿੱਤੀ ਹੈ, ਉਹਦਾ ਨੋਟਿਸ ਲੈਣਾ ਬਣਦਾ ਹੈ। ਇਸੇ ਸੋਚ ਅਧੀਨ ਕਾਂਸ਼ੀ ਰਾਮ ਨੇ ਜਿਹੜਾ ਪੁਲੀਟੀਕਲ ਚੈਲਿੰਜ ਹੋਂਦ ਵਿਚ ਲਿਆਂਦਾ ਹੈ, ਉਹਦਾ ਵੀ ਵਿਗਿਆਨਕ ਵਿਸ਼ਲੇਸ਼ਣ ਜ਼ਰੂਰੀ ਹੈ। ਉਹਨੇ ਪਿਛਲੇ 25 ਸਾਲਾਂ ਵਿਚ ਵੋਟਾਂ ਦੇ ਰਾਜ ਵਾਲੀ ਸਿਆਸਤ ਵਿਚ ਇਹ ਐਲਾਨੀਆ ਨੀਤੀ ਦਲਿਤ ਵਰਗ ਅੱਗੇ ਲਿਆਂਦੀ ਕਿ ਉਨ੍ਹਾਂ ਦਾ ਵੱਡੀ ਗਿਣਤੀ ਵਿਚ ਹੋਣਾ, ਉਨ੍ਹਾਂ ਨੂੰ ਸੱਤਾ ਵਿਚ ਲਿਆਉਣ ਦਾ ਜ਼ਰੀਆ ਬਣ ਸਕਦਾ ਹੈ। ਯੂ.ਪੀ. ਵਿਚ ਉਹਨੇ ਕਾਮਯਾਬੀ ਵੀ ਲਈ ਹੈ। ਇਹਦੇ ਵਿਚ ਸ਼ੱਕ ਨਹੀਂ ਕਿ ਉਹਨੇ ਬੜੇ ਬੇਅਸੂਲੇ ਗਠਜੋੜ ਵੀ ਕੀਤੇ। ਕਦੀ ਅਕਾਲੀਆਂ ਨਾਲ ਜੁੜਿਆ, ਕਦੀ ਭਾਰਤੀ ਜਨਤਾ ਪਾਰਟੀ ਨਾਲ ਜੁੜਿਆ ਤੇ ਆਉਣ ਵਾਲੇ ਸਮੇਂ ਵਿਚ ਉਹ ਕੋਈ ਹੋਰ ਪੈਂਤੜਾ ਵੀ ਅਜ਼ਮਾ ਸਕਦਾ ਹੈ ਪਰ ਇਹ ਗੱਲ ਉਹਦੇ ਹੱਕ ਵਿਚ ਜਾਂਦੀ ਹੈ ਕਿ ਬੜੀ ਇਮਾਨਦਾਰੀ ਨਾਲ ਸਵੀਕਾਰ ਕਰਦਾ ਹੈ ਕਿ ਉਹਨੇ ਹਰ ਹਾਲਤ ਵਿਚ ਸੱਤਾ ਹਥਿਆਉਣੀ ਹੈ ਅਤੇ ਇਹ ਸੱਤਾ ਹਥਿਆਉਣੀ ਹੀ ਦਲਿਤ ਵਰਗ ਦੇ ਹਿੱਤ ਵਿਚ ਹੈ। ਭਾਵੇਂ ਇਹਦੇ ਵਿਚ ਕੋਈ ਵੀ ਬੇਅਸੂਲੀ ਪੈਂਤੜੇਬਾਜ਼ੀ ਕਰਨੀ ਪਵੇ।

ਬਾਕੀ ਦੇਖਿਆ ਜਾਏ ਤਾਂ ਇਹ ਬੇਅਸੂਲੀ ਪੈਂਤੜੇਬਾਜ਼ੀ ਭਾਰਤੀ ਸਿਆਸਤ ਦਾ ਇਕ ਦਸਤੂਰ ਬਣ ਗਿਆ ਹੈ। ਪਿਛਲੇ ਡੇਢ ਸਾਲ ਵਿਚ ਭਾਰਤ ਵਿਚ ਚਲਾਈ ਗਈ ਸਿਆਸਤ ਇਸ ਦਸਤੂਰ ਦਾ ਹੀ ਪ੍ਰਮਾਣ ਹੈ। ਕਾਂਸ਼ੀ ਰਾਮ ਇਸ ਬੇਅਸੂਲੀ ਦਾ ਹੁਣ ਇਕੱਲਾ ਖਿਡਾਰੀ ਨਹੀਂ। ਇਹ ਪੈਂਤੜੇਬਾਜ਼ੀ ਆਪਣੇ ਸਮਰਥਕਾਂ ਵਿਚ ਲਚਕ ਵਾਲੀ ਸਿਆਸਤ ਕਰਕੇ ਪੇਸ਼ ਕੀਤੀ ਜਾਂਦੀ ਹੈ, ਪਰ ਦੁਸ਼ਮਣ ਇਸਨੂੰ ਮੌਕਾਪ੍ਰਸਤੀ ਦਾ ਨਾਂ ਦਿੰਦੇ ਹਨ ਤੇ ਉਨ੍ਹਾਂ ਦੀ ਜ਼ੁਬਾਨ ਕੋਈ ਪਕੜ ਨਹੀਂ ਸਕਦਾ।

ਇਸ ਦਲੀਲ ਨਾਲ ਬਹੁਜਨ ਸਮਾਜ ਪਾਰਟੀ ਕੋਈ ਐਸੀ ਪਾਰਟੀ ਨਹੀਂ ਕਹੀ ਜਾ ਸਕਦੀ ਹੈ, ਜਿਹੜੀ ਚਿਮਟੇ ਨਾਲ ਵੀ ਛੋਹੀ ਨਹੀਂ ਜਾ ਸਕਦੀ ਕਿ ਉਨ੍ਹਾਂ ਨਾਲ ਕੋਈ ਗੱਲਬਾਤ ਹੋ ਹੀ ਨਹੀਂ ਸਕਦੀ। ਬਹੁਜਨ ਸਮਾਜ ਪਾਰਟੀ ਦਾ ਬਹੁਤ ਸਾਰਾ ਕੇਡਰ ਖੇਤ ਮਜ਼ਦੂਰਾਂ ਦੀਆਂ ਅਵਾਮੀ ਜਥੇਬੰਦੀਆਂ ਵਿਚ ਹਿੱਸੇਦਾਰ ਹੋ ਸਕਦਾ ਹੈ। ਕਈ ਸਾਂਝੇ ਐਕਸ਼ਨ ਵੀ ਹੋ ਸਕਦੇ ਹਨ। ਸਾਂਝੇ ਐਕਸ਼ਨ ਹੀ ਇਹ ਸਾਬਤ ਕਰਨਗੇ ਕਿ ਸਮੁੱਚੇ ਗਰੀਬ ਆਪਣੇ-ਆਪ ਵਿਚ ਇਕ ਜਮਾਤ ਹਨ। ਹੁਣ ਜਿਹੜੇ ਅੰਬੇਦਕਰ ਦੀ ਵਿਚਾਰਧਾਰਾ ਦੇ ਫਲਸਫ਼ੇ ਅਧੀਨ ਵਿਚਰ ਰਹੇ ਹਨ, ਉਹ ਸਮਝ ਸਕਣਗੇ ਕਿ ਜਾਤ ਭਾਵੇਂ ਇਕ ਅਹਿਮ ਪਹਿਲੂ ਹੈ, ਪਰ ਬੁਨਿਆਦੀ ਨੁਕਤਾ ਆਰਥਿਕਤਾ ਦੇ ਆਧਾਰ 'ਤੇ ਕਾਇਮ ਹੋਈਆਂ ਜਮਾਤਾਂ ਹਨ। ਹਿੰਦੋਸਤਾਨ ਵਿਚ ਜਿਹੜਾ ਆਰਥਿਕ ਢਾਂਚਾ ਹੈ, ਉਹਦੇ ਵਿਚ ਸਾਰੀਆਂ ਸਹੂਲਤਾਂ ਪੈਸੇ ਵਾਲਿਆਂ ਨੂੰ ਹਨ। ਗਰੀਬ ਵਰਗ ਭਾਵੇਂ ਉਹ ਦਲਿਤ ਹੈ ਜਾਂ ਗ਼ੈਰ-ਦਲਿਤ ਹੈ, ਉਹ ਪੀਸਿਆ ਹੀ ਜਾ ਰਿਹਾ ਹੈ। ਉਹਦੀ ਨਿਜਾਤ ਇਸ ਢਾਂਚੇ ਨੂੰ ਉਲਟਾਉਣ ਵਿਚ ਹੀ ਹੈ। ਇਹ ਆਪਸੀ ਵਿਚਾਰ-ਵਟਾਂਦਰਾ ਕੁੱਝ ਲੈਣ-ਦੇਣ ਵਿਚ ਵੀ ਬਦਲ ਸਕਦਾ ਹੈ। ਇਹ ਲੈਣ-ਦੇਣ ਕੋਈ ਬੇਅਸੂਲਾ ਨਹੀਂ ਹੋਵੇਗਾ।

ਸਾਹਿਤ ਚਿੰਤਨ ਦਾ ਉਪਰਾਲਾ ਇਹ ਦੱਸਦਾ ਹੈ ਕਿ ਭਾਵੇਂ ਫੌਰੀ ਤੌਰ 'ਤੇ ਇਕ ਹੀ ਲੱਗਦਾ ਹੋਵੇ ਕਿ ਹਰ ਇਕ ਧਿਰ ਆਪਣੀ-ਆਪਣੀ ਸੋਚ 'ਤੇ ਕਾਇਮ ਹੈ, ਪਰ ਆਪਸੀ ਬਹਿਸ ਕੁੱਝ ਨੁਕਤੇ ਸਾਫ਼ ਕਰਨ ਵਿਚ ਹਮੇਸ਼ਾ ਸਹਾਈ ਹੁੰਦੀ ਹੈ। ਹੁਣ ਜਦੋਂ ਦੇਸ਼ ਦੀ ਸਿਆਸਤ ਵਿਚ ਸਪੱਸ਼ਟ ਨਿਸ਼ਾਨਦੇਹੀ ਹੋ ਰਹੀ ਹੈ ਤਾਂ ਸਾਫ਼ ਹੈ ਕਿ ਬਹੁਜਨ ਸਮਾਜ ਪਾਰਟੀ ਜਿਸ ਵਰਗ ਦੀ ਨੁਮਾਇੰਦਗੀ ਕਰਦੀ ਹੈ, ਉਹਦੀ ਥਾਂ ਖੱਬੇ ਮੋਰਚੇ ਵਿਚ ਹੈ। ਦੋਨੋਂ ਧਿਰਾਂ ਜਿੰਨੀ ਛੇਤੀ ਇਹ ਅਹਿਸਾਸ ਕਰ ਲੈਣ, ਓਨਾ ਹੀ ਚੰਗਾ ਹੈ।